ਹੁਕਮ ਨੰ: 19/23-2016ਅ-2(1)ਅ-4(5)

ਮਿਤੀ: ਐਸ.ਏ.ਐਸ.ਨਗਰ; 2-11-2017

ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਇਸ ਦਫਤਰ ਦੇ ਹੁਕਮ ਨੰ: 19/23-16ਅ-2(1)ਅ-4(5) ਮਿਤੀ 01-09-2017 ਰਾਹੀਂ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਦੀ ਸਿਫਾਰਸ਼ ਅਨੁਸਾਰ ਮਿਤੀ 26-10-2017 ਦੇ ਹੁਕਮਾਂ ਰਾਹੀਂ ਜੇ.ਬੀ.ਟੀ./ਈ.ਟੀ.ਟੀ. ਅਧਿਆਪਕਾਂ ਦੀ ਪਦ-ਉੱਨਤੀ ਆਰਜੀ ਤੌਰ ਤੇ ਮਾਸਟਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਵਿੱਚ ਸ਼ਰਤਾਂ ਤਹਿਤ ਕੀਤੀ ਗਈ ਸੀ। ਇਹਨਾਂ ਹੁਕਮਾਂ ਵਿੱਚ ਦਰਜ ਸ਼ਰਤ ਨੰ: 3 ਦੀ ਲੋਅ ਵਿਚ ਸਬੰਧਿਤ ਅਧਿਆਪਕਾਂ ਨੂੰ ਫਾਰਗ ਹੋ ਕੇ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਵਿਖੇ ਸਟੇਸ਼ਨ ਅਲਾਟਮੈਂਟ ਲਈ ਆਪਣੀ ਹਾਜ਼ਰੀ ਦੇਣ ਸਬੰਧੀ ਹਦਾਇਤਾਂ ਕੀਤੀਆਂ ਗਈਆਂ ਸਨ।

ਇਸ ਮਾਮਲੇ ਨੂੰ ਮੁੜ ਵਿਚਾਰਿਆ ਗਿਆ ਹੈ ਅਤੇ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਇਹਨਾਂ ਸਾਰੇ ਅਧਿਆਪਕਾਂ ਦੀ ਮਿਤੀ 7-11-2017 ਨੂੰ ਸਵੇਰੇ 8.00 ਵਜੇ ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਐਸ.ਏ.ਐਸ.ਨਗਰ ਵਿਖੇ ਕਾਉਂਸਲਿੰਗ ਕੀਤੀ ਜਾਵੇਗੀ ਅਤੇ ਇਸ ਕਾਉਂਸਲਿੰਗ ਦੌਰਾਨ ਸਟੇਸ਼ਨ ਅਲਾਟ ਕੀਤੇ ਜਾਣਗੇ। ਸਟੇਸ਼ਨ ਅਲਾਟ ਹੋਣ ਉਪਰੰਤ ਅਧਿਆਪਕਾਂ ਨੂੰ ਆਪਣੀ ਮੌਜੂਦਾ ਜਗ੍ਹਾ ਤੋਂ ਰਲੀਵ ਹੋਵੇ ਕੇ ਨਵੀਂ ਥਾਂ ਤੇ ਜੁਆਇੰਨ ਕਰਨ ਦਾ ਮੌਕਾ ਦਿੱਤਾ ਜਾਵੇਗਾ। ਜੇਕਰ ਕੋਈ ਅਧਿਆਪਕ ਕਾਉਸਲਿੰਗ ਉਪਰੰਤ ਦਿੱਤੇ ਗਏ ਸਟੇਸ਼ਨ ਤੇ ਮਿਥੇ ਸਮੇਂ ਅਨੁਸਾਰ ਆਪਣੀ ਜੁਆਨਿੰਗ ਰਿਪੋਰਟ ਨਹੀਂ ਦੇਵੇਗਾ ਤਾਂ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
ਪੰਜਾਬ।

ਪਿੱਠ ਅੰਕਣ ਨੰ: ਉਕਤ

ਮਿਤੀ, ਸਅਸ ਨਗਰ: 2-11-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ.(ਐ ਸਿ); ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)/(ਐ.ਸਿ.), ਪੰਜਾਬ।
5. ਸਬੰਧਤ ਕਮਰਚਾਰੀ।

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
ਪੰਜਾਬ।